# ਬੱਚਿਆਂ ਲਈ ਬਾਈਬਲ

ਉਪੱਸਥਿਤ



# ਸਮਸੂਨ, ਪਰਮੇਸ਼ਵਰ ਦਾ ਤਾਕਤਵਰ ਬੰਦਾ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਬਦਲਿਆ ਗਿਆ : Lyn Doerksen
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਹੁਤ ਦਿਨ ਪਹਿਲਾਂ, ਇਸਰਾਈਲ ਦੀ ਧਰਤੀ ਵਿੱਚ, ਮਾਨੋਅਹ ਨਾਂ ਦਾ ਮਨੁੱਖ ਰਹਿੰਦਾ ਸੀ। ਉਹ ਅਤੇ ਉਸਦੀ ਪਤਨੀ ਦੇ ਬੱਚਾ ਨਹੀਂ ਸੀਂ। ਇੱਕ ਦਿਨ ਯਹੋਵਾ ਦਾ ਦੂਤ ਮਨੋਆਹ ਦੀ ਪਤਨੀ ਨੂੰ ਦਿਖਾਈ ਦਿੱਤਾ। ਉਸਨੇਂ ਆਖਿਆ, "ਤੇਨੂੰ ਇੱਕ ਬਹੁਤ ਹੀ ਵਿਸ਼ੇਸ਼ ਬੱਚਾ ਹੋਵੇਗਾ।"



ਉਸਨੇਂ ਆਪਣੇ ਪਤੀ ਨੂੰ ਅਦਭੁਤ ਖਬਰ ਸੁਣਾਈ। ਮਨੋਆਹ ਨੇ ਪ੍ਰਾਥਨਾ ਕੀਤੀ, “ਐ ਮੇਰੇ ਪਰਮੇਸ਼ਵਰ ... ਸਾਡੇ ਕੋਲ ਫਿਰ ਤੋਂ ਆ। ਸਾਨੂੰ ਸਿਖਾ ਕੀ ਅਸੀਂ ਉਸ ਬੱਚੇ ਲਈ ਕੀ ਕਰੀਏ।”





ਦੂਤ ਨੇਂ ਮਨੋਆਹ ਨੂੰ ਆਖਿਆ ਕੀ ਬੱਚੇ ਦੇ ਵਾਲ ਕਦੀ ਨਾਂ ਕਟਾਂਈ, ਕਦੀ ਸ਼ਾਰਾਬ ਨਾਂ ਪੀਵੇ, ਅਤੇ ਕਦੀ ਵੀ ਸੰਦੇਹਹੀਨ ਭੋਜਨ ਨਾ ਖਾਵੇ। ਪਰਮੇਸ਼ਵਰ ਨੇਂ ਇਸ ਬੱਚੇ ਨੂੰ ਨਿਆਂ ਅਧਿਕਾਰੀ ਕਰਕੇ ਚੁਣਿਆ ਹੈ। ਇਹ ਇਸਰਾਈਲ ਦੀ ਅਗਵਾਈ ਕਰੇਗਾ।





ਪਰਮੇਸ਼ਵਰ ਦੇ ਲੋਕਾਂ ਨੂੰ ਅਚਾਨਕ ਸਹਾਇਤਾ ਦੀ ਲੋੜ ਸੀਂ। ਉਹਨਾਂ ਨੇਂ ਆਪਣੀ ਜਿੰਦਗੀ ਵਿੱਚੋਂ ਪਰਮੇਸ਼ਵਰ ਨੂੰ ਕੱਢ ਦਿੱਤਾ ਸੀਂ, ਅਤੇ ਉਹ ਆਪਣੇ ਦੁਸ਼ਮਣ ਫਲੀਸਤੀਆਂ ਦੇ ਦੁਆਰਾ ਮਾਰੇ ਕੁੱਟੇ ਜਾਂਦੇ ਸਨ।ਪਰ ਜਦ ਉਹਨਾਂ ਨੇਂ ਪ੍ਰਾਥਨਾਂ ਕੀਤੀ ਪਰਮੇਸ਼ਵਰ ਨੇ ਸੁਣ ਲਈ। ਉਸਨੇ ਇਸ ਬੱਚੇ ਨੂੰ ਘੱਲਿਆ ਜੋ ਦੁਨੀਆਂ ਵਿੱਚ ਸਭਨਾਂ ਤੋਂ ਤਾਕਤਵਰ ਮਨੁੱਖ ਹੋਵੇਗਾ।



“ਇਸ ਤਰ੍ਹਾਂ ਔਰਤ ਨੇਂ ਇੱਕ ਬੱਚੇ ਨੂੰ ਜਨਮ ਦਿੱਤਾ ਅਤੇ ਉਸਦਾ ਨਾਂ ਸਮਸੂਨ ਰੱਖਿਆ: ਅਤੇ ਬੱਚਾ ਵਧਿਆ, ਅਤੇ ਪਰਮੇਸ਼ਵਰ ਨੇ ਉਸਨੂੰ ਆਸ਼ੀਸ਼ ਦਿੱਤੀ। ਅਤੇ ਪਰਮੇਸ਼ਵਰ ਦੇ ਆਤਮਾਂ ਨੇਂ ਉਸ ਤੇ ਮੰਡਰਾਉਣਾ ਸ਼ੁਰੂ ਕੀਤਾ।” ਸਮਸੂਨ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀਂ। ਇੱਕ ਦਿਨ ਉਹ ਖਾਲੀ ਹੱਥੀਂ ਜਵਾਨ ਸ਼ੇਰ ਨਾਲ ਲੜਿਆ – ਅਤੇ ਉਸਨੂੰ ਮਾਰ ਦਿੱਤਾ।



ਬਾਅਦ ਵਿੱਚ, ਸਮਸੂਨ ਨੇਂ ਮਧੂਮੱਖੀਆਂ ਦੇ ਝੁੰਡ ਵਿੱਚੋਂ ਸ਼ਹਿਦ ਚੱਖਿਆ ਜੋ ਮਰੇ ਹੋਏ ਸ਼ੇਰ ਦੇ ਸਰੀਰ ਦੇ ਵਿੱਚ ਲੱਗਾ ਸੀਂ। ਉਸਨੇਂ ਇੱਕ ਬੁਝਾਰਤ ਪਾਈ: “ਖਾਣ ਵਾਲੇ ਵਿੱਚੋਂ ਕੁਝ ਖਾਣ ਨੂੰ ਨਿਕਲਿਆ ਅਤੇ ਤਕੜ੍ਹੇ ਵਿੱਚੋਂ ਮਿਠਾਸ।”



ਕੋਈ ਵੀ ਉਸਦੇ ਮਤਲਬ ਦਾ ਅੰਦਾਜਾ
ਨਹੀਂ ਲਗਾ ਸਕਦਾ ਸੀਂ - ਪਰ ਇੱਕ ਫਲਿਸਤੀਨ,
ਜੋ ਸਮਸੂਨ ਦੀ ਨਵੀਂ ਪਤਨੀ ਸੀਂ, ਆਪਣੇ ਦੋਸਤਾਂ ਨੂੰ
ਦੱਸ ਦਿੱਤਾ। ਇਸ ਤੋਂ ਸਮਸੂਨ ਨੂੰ ਬਹੁਤ ਗੁੱਸਾ ਆਇਆ।

ਸਮਸੂਨ ਨੂੰ ਹੋਰ ਵੀ ਜਿਆਦਾ ਗੁੱਸਾ ਆਇਆ ਜਦ ਫਲਿਸਤੀਆਂ ਨੇਂ ਉਸਦੀ ਪਤਨੀ ਨੂੰ ਉਸਦੇ ਪਿਆਰੇ ਮਿੱਤਰ ਦੀ ਪਤਨੀ ਹੋਣ ਲਈ ਦੇ ਦਿੱਤਾ।ਉਸਨੇ ਬਦਲਾ ਲੈਣ ਦੀ ਸੋਚੀ। ਪਰ ਕਿਵੇਂ? ਪਹਿਲਾਂ, ਉਸਨੇ ਤਿੰਨ ਸੋ (300) ਲੋਮੜੀਆਂ ਫੜੀਆਂ। ਤਦ ਉਸਨੇ ਦੋ ਦੋ ਕਰਕੇ ਉਹਨਾਂ ਦੀਆਂ ਪੂਛਾਂ ਬੰਨੀਆਂ, ਅਤੇ ਬਲਦੀਆਂ ਮਿਸ਼ਾਲਾਂ ਨੂੰ ਉਹਨਾਂ ਦੇ ਵਿਚਕਾਰ ਰੱਖਿਆ।



ਤਦ ਸਮਸੂਨ ਨੇਂ ਲੋਮੜੀਆਂ ਨੂੰ ਫਲਿਸਤੀਆਂ ਦੇ ਅਨਾਜ ਦੇ ਖੇਤਾਂ ਵਿੱਚ ਛੱਡ ਦਿੱਤਾ!



ਹੁਣ ਫਲਿਸਤੀਨ ਬਦਲਾ ਲੈਣਾ ਚਾਹੁੰਦੇ ਸਨ। ਸਮਸੂਨ ਨੇਂ ਆਪਣੇ ਆਪ ਨੂੰ ਬੰਨੇ ਜਾਣ ਲਈ ਅਤੇ ਫਲਿਸਤੀਆਂ ਦੇ ਹੱਥੀ ਮਾਰੇ ਜਾਣ ਲਈ ਦੇ ਫੜਵਾ ਦਿੱਤਾ।



ਪਰ ਪਰਮੇਸ਼ਵਰ ਦਾ ਆਤਮਾਂ ਸਮਸੂਨ ਤੇ ਉਤਰਿਆ। ਉਸਨੇਂ ਰੱਸੀਆਂ ਤੋੜੀਆਂ, ਅਤੇ ਤਾਜਾ ਮਰੇ ਹੋਏ ਗਧੇ ਦਾ ਜਬਾੜਾ ਲੈ ਕੇ ਇੱਕ ਹਜ਼ਾਰ (1000) ਦੁਸ਼ਮਣਾਂ ਨੂੰ ਮਾਰ ਦਿੱਤਾ।



ਫ਼ਲਿਸਤੀਆਂ ਦੇ ਖੋਜੀ ਦਲ ਨੇ ਸਮਸੂਨ ਨੂੰ ਭਾਲਿਆ। ਇੱਕ ਰਾਤ, ਉਹਨਾਂ ਨੇ ਸ਼ਹਿਰ ਵਿੱਚ ਉਸਨੂੰ ਧੋਖਾ ਦਿੱਤਾ ਅਤੇ ਸ਼ਹਿਰ ਦੇ ਫਾਟਕ ਨੂੰ ਬੰਦ ਕਰ ਦਿੱਤਾ। ਪਰ ਸਮਸੂਨ ਸ਼ਹਿਰ ਦੇ ਫਾਟਕ ਨੂੰ ਆਪਣੇ ਮੋਡਿਆਂ ਉੱਤੇ ਲੈ ਕੇ ਚਲਾ ਗਿਆ!



ਪਰ ਸਮਸੂਨ ਨੇਂ ਪਰਮੇਸ਼ਵਰ ਨੂੰ ਅਸਫਲ ਕਰ ਦਿੱਤਾ। ਪਰਮੇਸ਼ਵਰ ਨੇਂ ਉਸਨੂੰ ਉਦੋਂ ਤੱਕ ਤਾਕਤ ਦਿੱਤੀ ਜਦ ਤੱਕ ਉਸਨੇ ਉਸਦੀ ਆਗਿਆ ਦੀ ਪਾਲਣਾ ਕੀਤੀ। ਇੱਕ ਸੁੰਦਰ ਫਲਿਸਤੀਨ ਜਾਸੂਸ ਦਲੈਲਾ ਨੂੰ ਸਮਸੂਨ ਨੇਂ ਇੱਕ ਦਿਨ ਆਪਣੀ ਤਾਕਤ ਦਾ ਰਾਜ ਦੱਸਿਆ। ਉਸਨੇ ਇੱਕ ਆਦਮੀਂ ਨੂੰ ਸਮਸੂਨ ਦੇ ਸੌਂਣ ਤੋਂ ਬਾਅਦ ਵਾਲ ਕੱਟਣ ਲਈ ਰੱਖਿਆ ਸੀਂ।





ਤਦ ਫਲਿਸਤੀਨ ਸਿਪਾਹੀਆਂ ਨੇ ਦਲੈਲਾ ਦੇ ਘਰ ਵਿੱਚ
ਸਮਸੂਨ ਤੇ ਹਮਲਾ ਕੀਤਾ। ਸਮਸੂਨ ਨੇਂ
ਸਖਤ ਲੜਾਈ ਲੜੀ – ਪਰ ਉਸਦੀ
ਤਾਕਤ ਚਲੀ ਗਈ ਸੀਂ। ਉਸਦੇ
ਦੁਸ਼ਮਣਾਂ ਨੇਂ ਉਸਦੀਆਂ ਅੱਖਾਂ
ਕੱਢ ਦਿੱਤੀਆਂ। ਅੰਨ੍ਹਾ ਅਤੇ
ਕਮਜ਼ੋਰ ਸਮਸੂਨ ਫਲਿਸਤੀਨੀਆਂ
ਦਾ ਗੁਲਾਮ ਬਣ ਗਿਆ। ਉਹ
ਪਰਮੇਸ਼ਵਰ ਦੇ ਦਾਸ ਉੱਤੇ ਹੱਸੇ ਅਤੇ
ਉਸਦਾ ਮਜ਼ਾਕ ਉਡਾਇਆ।

ਫਲਿਸਤੀਆਂ ਨੇ ਇੱਕ ਤਿਉਹਾਰ ਮਨਾਇਆ। ਉਹਨਾਂ ਨੇ ਸਮਸੂਨ ਨੂੰ ਆਪਣੇ ਹੱਥ ਸੌਂਪਣ ਲਈ ਆਪਣੇ ਦੇਵਤਾ ਦੇਗੋਨ ਦੀ ਉਪਾਸਨਾ ਕੀਤੀ। ਉਹਨਾਂ ਨੇ ਦੇਗੋਨ ਦੇ ਮੰਦਰ ਵਿੱਚ ਖੁਸ਼ੀ ਮਨਾਈ ਅਤੇ ਸ਼ਰਾਬ ਪੀਤੀ। ਤਦ ਉਹਨਾਂ ਨੇ ਸਮਸੂਨ ਨੂੰ ਬੁਲਾਇਆ ਭਈ ਉਹਨਾਂ ਲਈ ਖੇਲ ਕਰੇ।



ਇੱਕ ਲੜਕੇ ਨੇ ਲਿਆ ਕੇ ਸਮਸੂਨ ਨੂੰ, ਉਹਨਾਂ ਬੁਰਜ਼ਾਂ ਦੇ ਵਿਚਾਲੇ ਖੜਾ ਕਰ ਦਿੱਤਾ ਜਿੰਨ੍ਹਾਂ ਤੇ ਬੁਰਜ ਮੰਦਰ ਟਿਕਿਆ ਸੀਂ। ਉਥੇ ਤਿੰਨ ਹਜ਼ਾਰ (3000) ਫਲਿਸਤੀਨ ਉਸ ਦੀ ਛੱਤ ਤੇ ਅਤੇ ਬਹੁਤ ਸਾਰੇ ਮੰਦਰ ਵਿੱਚ ਸਨ, ਸਾਰੇ ਉਸਦਾ ਮਜ਼ਾਕ ਉਡਾ ਰਹੇ ਸਨ। ਪਰ ਸਮਸੂਨ ਦੇ ਵਾਲਾਂ ਨੇਂ



ਜ਼ੇਲ ਵਿੱਚ ਵਧਣਾ ਸ਼ੁਰੂ ਕਰ ਦਿੱਤਾ ਸੀਂ। ਹੁਣ ਉਸ ਨੇ ਪ੍ਰਾਥਨਾ ਕੀਤੀ, "ਹੇ ਪਰਮੇਸ਼ਵਰ ਯਹੋਵਾ, ਇੱਕ ਵਾਰ ਮੈਨੂੰ ਤਾਕਤਵਾਰ ਬਣਾ ਦੇਹ, ਤਾਂ ਜੋ ਮੈਂ ਆਪਣੀਆਂ ਦੋਨੋ ਅੱਖਾਂ ਦਾ ਬਦਲਾ ਲੈ ਸਕਾਂ।"

ਕੀ ਪਰਮੇਸ਼ਵਰ ਸਮਸੂਨ ਨੂੰ ਦੁਬਾਰਾ ਤਾਕਤ ਦੇਵੇਗਾ? ਕੀ ਸਮਸੂਨ ਅਸੰਭਵ ਕਰ ਸਕੇਗਾ? ਜੀਹਾਂ! ਜੀਹਾਂ! ਜ਼ੋਰ ਲਾਕੇ ਅਤੇ ਉੱਭਰ ਕੇ, ਸਮਸੂਨ ਨੇਂ ਮਜਬੂਤ ਬੁਰਜ਼ਾਂ ਨੂੰ ਧੱਕ ਦਿੱਤਾ।ਹਜ਼ਾਰਾਂ ਫ਼ਲਿਸਤੀਆਂ ਅਤੇ ਸਮਸੂਨ ਨੂੰ ਮਾਰ ਕੇ, ਦੇਗੋਨ ਦਾ ਮੰਦਰ ਥੇਹ ਹੋ ਗਿਆ।



# ਸਮਸੂਨ, ਪਰਮੇਸ਼ਵਰ ਦਾ ਤਾਕਤਵਰ ਬੰਦਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਿਆਈਆਂ 13-16

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16